# ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਮਾਜ ਵਿੱਚ ਔਰਤਾਂ ਦੀ ਸਥਿਤੀ

ਡਾ: ਹੰਸ਼ਪ੍ਰੀਤ ਕੌਰ
ਸਹਾਇਕ ਪ੍ਰੋਫੈਸਰ
ਪੀ.ਜੀ. ਪੰਜਾਬੀ ਵਿਭਾਗ
ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ,
ਸੈਕਟਰ੍ 26, ਚੰਡੀਗੜ੍ਹ
ਫੋਨ ਨੰਬਰ : 9878984038

ਭਾਵੇਂ 18ਵੀਂ ਸਦੀ ਦੇ ਸਿੱਖ ਹਾਕਮਾਂ ਨੂੰ ਸਾਹਿਤ ਅਤੇ ਕਲਾ ਵਲ ਯੋਗ ਧਿਆਨ ਦੇਣ ਲਈ ਕਾਫੀ ਸਮਾਂ ਨਾ ਮਿਲ ਸਕਿਆ ਕਿਉਂਕਿ ਉਨ੍ਹਾਂ ਦੇ ਸਾਹਮਣੇ ਆਪਣੇ ਰਾਜਾਂ ਨਾਲ ਸੰਬੰਧਿਤ ਕੁਝ ਜ਼ਰੂਰੀ ਮਸਲੇ ਖੜ੍ਹੇ ਸਨ ਫਿਰ ਵੀ ਉਹਨਾਂ ਦੇ ਵਿਦਿਆ, ਸਾਹਿਤ, ਸਭਿਆਚਾਰ ਅਤੇ ਸਮਾਜ ਵਲ ਖਾਸ ਧਿਆਨ ਜ਼ਰੂਰ ਦਿੱਤਾ ਸੀ। ਮੱਧ ਕਾਲੀਨ ਯੁੱਗ ਵਿੱਚ ਲੋਕਾਂ ਨੂੰ ਵਿਦਿਆ ਹਾਸਿਲ ਕਰਵਾਉਣਾ ਸਰਕਾਰ ਆਪਣੀ ਜਿੰਮੇਵਾਰੀ ਨਹੀਂ ਸਮਝਦੀ ਸੀ। ਸਰਕਾਰ ਉੱਚੀਆਂ ਵਿਦਿਅਕ ਸੰਸਥਾਵਾਂ ਨੂੰ ਗਰਾਟਾਂ ਦੇ ਦਿੰਦੀ ਸੀ। ਇਹ ਰਿਵਾਜ਼ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੱਕ ਚਲਦਾ ਰਿਹਾ। ਸਕੂਲਾਂ ਅਤੇ ਕਾਲਜਾਂ ਦੁਆਰਾ ਵਿਦਿਆ ਦਾ ਪ੍ਰਬੰਧ ਵਧੇਰੇ ਕਰਕੇ ਪ੍ਰਾਈਵੇਟ ਹੱਥਾਂ ਵਿੱਚ ਹੁੰਦਾ ਸੀ। ਸਕੂਲਾਂ ਵਿੱਚ ਫਾਰਸ਼ੀ ਤੇ ਅਰਬੀ ਦਾ ਮੁਢਲਾ ਗਿਆਨ ਦਿੱਤਾ ਜਾਂਦਾ ਸੀ। ਮਸਜਿਦਾਂ ਵਿੱਚ ਹੀ ਸਕੂਲ ਬਣਾਏ ਗਏ ਸਨ। ਕੁਰਾਨ ਸ਼ਰੀਫ ਨੂੰ ਜ਼ਬਾਨੀ ਯਾਦ ਕਰਨ ਤੇ ਜੋਰ ਦਿੱਤਾ ਜਾਂਦਾ ਸੀ। ਕਾਲਜਾਂ ਵਿੱਚ ਗਣਿਤ, ਜਿਉਮੈਟਰੀ, ਅਲਜ਼ਬਰਾ, ਅਰਬੀ ਅਤੇ ਫਾਰਸੀ ਸਾਹਿਤ ਦਾ ਅਧਿਐਨ ਮਰਦਾਂ ਲਈ ਅਤੇ ਗ੍ਰਹਿ ਵਿਗਿਆਨ, ਧਾਰਮਿਕ ਸਾਹਿਤ ਅਤੇ ਇਤਿਹਾਸ ਵਰਗੇ ਵਿਸ਼ੇ ਔਰਤਾਂ ਨੂੰ ਪੜ੍ਹਾਏ ਜਾਂਦੇ ਸਨ। ਉੱਚੀ ਪੱਧਰ ਦੀ ਵਿਦਿਅਕ ਯੋਗਤਾ ਰੱਖਣ ਵਾਲੇ ਵਿਦਵਾਨ ਬਹੁਤ ਘੱਟ ਗਿਣਤੀ ਵਿੱਚ ਮਿਲਦੇ ਸਨ ਇਸ ਲਈ ਅਜਿਹੇ ਵਿਦਵਾਨਾਂ ਨੂੰ ਸਮਾਜ ਵਿੱਚ ਬਹੁਤ ਆਦਰ ਸਤਿਕਾਰ ਮਿਲਦਾ ਸੀ।

ਲਾਹੌਰ ਦਰਬਾਰ ਦੀ ਭਾਸ਼ਾ ਫਾਰਸੀ ਸੀ। ਇਸ ਲਈ ਸਰਕਾਰੀ ਨੌਕਰੀ ਦੇ ਹਰ ਇਛੁੱਕ ਨੂੰ ਫਾਰਸੀ ਦਾ ਚੰਗਾ ਗਿਆਨ ਪ੍ਰਾਪਤ ਕਰਨਾ ਪੈਂਦਾ ਸੀ। ਸਿੱਖਾਂ ਵਿੱਚ ਹਰ ਪੱਧਰ ਤੇ ਅਨਪੜ੍ਹਤਾ ਆਮ ਸੀ ਅਤੇ ਹਿੰਦੂਆਂ ਤੇ ਮੁਸਲਮਾਨਾਂ ਦੀਆਂ ਨੀਵੀਆਂ ਸ਼ਰੇਣੀਆਂ ਵਿੱਚ ਵੀ ਪੜ੍ਹੇ ਲਿਖੇ ਆਦਮੀ ਘੱਟ ਹੀ ਮਿਲਦੇ ਸਨ। ਅਠਾਰਵੀਂ ਸਦੀ ਵਿੱਚ ਸਿੱਖ ਵਿਦਿਆ ਪ੍ਰਾਪਤ ਕਰਨ ਬਾਰੇ ਸੋਚ ਵੀ ਨਹੀਂ ਸਨ ਸਕਦੇ ਕਿਉਂਕਿ ਉਹ ਬੜੇ ਅਸੁਰੱਖਿਅਤ ਹਾਲਾਤ ਵਿੱਚ ਜੀਵਨ ਬਿਤਾ ਰਹੇ ਸਨ। ਆਪਣੇ ਬਚਾਉ ਲਈ ਉਹ ਲੋਕ ਜੰਗੀ ਹਥਿਆਰਾਂ ਦੀ ਵਰਤੋਂ ਸਿੱਖਣ ਵਲ ਵਧੇਰੇ ਧਿਆਨ ਦਿੰਦੇ ਸਨ ਅਤੇ ਸਿੱਖ ਕੌਮ ਦੇ ਜਿਉਂਦੇ ਰਹਿਣ ਲਈ ਉਨ੍ਹਾ ਦਾ ਹਥਿਆਰਬੰਦ ਹੋਣਾ ਬਹੁਤ ਜ਼ਰੂਰੀ ਸੀ ਕਿਉਂਕਿ ਉਨ੍ਹਾ ਨੂੰ ਮੁਕਾ ਦੇਣ ਦੀਆਂ ਕਈ ਵਾਰ ਦਿੱਤੀਆਂ ਧਮਕੀਆਂ ਅਤੇ ਕਾਰਵਾਈਆਂ ਦਾ ਸਾਹਮਣਾ ਕਰਨਾ

ਪਿਆ ਸੀ। ਸਿੱਖਾਂ ਵਿੱਚ ਵਿਦਿਆ ਵੱਲੋਂ ਲਾਪ੍ਰਵਾਹੀ ਅਤੇ ਬੇਧਿਆਨੀ ਉਨੀਵੀਂ ਸਦੀ ਦੇ ਪਹਿਲੇ ਅਧ ਵਿੱਚ ਵੀ ਜਾਰੀ ਰਹੀ। ਸਿੱਖਾਂ ਵਿੱਚ ਕੇਵਲ ਪੁਜਾਰੀ ਸ੍ਰੇਣੀ ਜਾਂ ਗਰੰਥੀ ਅਤੇ ਉਦਾਸੀ ਲੋਕ ਹੀ ਪੜ੍ਹੇ ਹੋਏ ਮਿਲਦੇ ਸਨ। ਪਰ ਉਨ੍ਹਾਂ ਦਾ ਗਿਆਨ ਵੀ ਗੁਰਬਾਣੀ ਪੜ੍ਹਨ ਅਤੇ ਸੁਣਾਉਣ ਤਕ ਹੀ ਸੀਮਿਤ ਸੀ। ਫਾਰਸੀ ਦਾ ਲੋਂੜੀਦਾ ਗਿਆਨ ਪ੍ਰਾਪਤ ਕਰਕੇ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਮੁਨਸੀ ਅਤੇ ਮੁਤਸੱਦੀ ਆਮ ਮਿਲਦੇ ਸਨ ਅਤੇ ਇਨ੍ਹਾਂ ਵਿੱਚ ਹੀ ਲਿਖਾਰੀ, ਖਬਰ–ਨਵੀਸ, ਲੇਖਾਕਾਰ, ਕਲਰਕ ਅਤੇ ਬਹੁਤ ਸਾਰੀਆਂ ਸਰਕਾਰੀ ਨੌਕਰੀ ਤੇ ਲਗੇ ਹੋਏ ਮਿਲਦੇ ਸਨ।(1) ਪੰਜਾਬ ਦੇ ਲੋਕਾਂ ਦੀ ਬੋਲੀ ਪੰਜਾਬੀ ਸੀ। ਸ਼ਿਵਾਲਕ ਅਤੇ ਜੰਮੂ ਦੇ ਪਹਾੜੀ ਇਲਾਕਿਆਂ, ਬਹਾਵਲਪੁਰ ਅਤੇ ਡੇਰਾਜਾਤ ਦੇ ਸਭ ਲੋਕ ਪੰਜਾਬੀ ਬੋਲਦੇ ਸਨ। ਇਕ ਇਲਾਕੇ ਦੀ ਦੂਸਰੇ ਇਲਾਕੇ ਵਿੱਚ ਬੋਲੀ ਜਾਣ ਵਾਲੀ ਬੋਲੀ ਦਾ ਕੇਵਲ ਕੁਝ ਸਥਾਨਿਕ ਸ਼ਬਦਾਂ ਦਾ ਫਰਕ ਸੀ।(2)

ਅਠਾਰਵੀਂ ਸਦੀ ਦੇ ਮੱਧ ਵਿੱਚ ਔਰਤਾਂ ਦੀ ਜਨਸੰਖਿਆਂ ਮਰਦਾਂ ਨਾਲੋਂ ਕਿਤੇ ਘੱਟ ਸੀ। ਇਸ ਕਾਲ ਵਿੱਚ ਮੁਸਲਮਾਨ ਅਤੇ ਹੋਰ ਧਰਮਾਂ ਦੇ ਲੋਕ ਔਰਤਾਂ ਨੂੰ ਜਨਮ ਸਮੇਂ ਤੋਂ ਹੀ ਮਾਰ ਦਿੰਦੇ ਸਨ। ਪੰਜਾਬੀ ਦੇ ਇੱਕ ਪ੍ਰਸਿੱਧ ਰਿਵਾਜ਼ ਅਨੁਸਾਰ ਔਰਤਾਂ ਨੂੰ ਮਰਦਾਂ ਤੋਂ ਨੀਵੇਂ ਦਰਜ਼ੇ ਦੀਆਂ, ਅਸ਼ੁੱਧ ਅਤੇ ਅਵਿਸ਼ਵਾਸੀ ਮੰਨਿਆ ਜਾਂਦਾ ਸੀ। ਆਮ ਤੌਰ ਤੇ ਔਰਤਾਂ ਨੂੰ ਸਿਰਫ ਘਰੇਲੂ ਕੰਮਕਾਜ ਤੱਕ ਹੀ ਸੀਮਿਤ ਰੱਖਿਆ ਜਾਂਦਾ ਸੀ। ਜੇਕਰ ਕੋਈ ਔਰਤ ਪੁੱਤਰ ਨੂੰ ਜਨਮ ਦਿੰਦੀ ਸੀ ਤਾਂ ਉਸਦੇ ਅਧਿਕਾਰਾਂ ਵਿੱਚ ਵਾਧਾ ਹੋ ਜਾਂਦਾ ਸੀ ਅਤੇ ਉਸਦੀ ਇੱਜ਼ਤ ਵਿੱਚ ਦਸ ਗੁਣਾਂ ਵਾਧਾ ਹੋ ਜਾਂਦਾ ਸੀ। ਉਸ ਸਮੇਂ ਸੰਯੁਕਤ ਪਰਿਵਾਰ ਦੀ ਪ੍ਰਥਾ ਪ੍ਰਚਲਿਤ ਸੀ ਅਤੇ ਉਸ ਸਮੇਂ ਸਮਾਜ ਦੇ ਹਰ ਵਰਗ ਚਾਹੇ ਉਹ ਅਮੀਰ ਜਾਂ ਗਰੀਬ ਸੀ, ਉਸ ਵਿੱਚ ਬਾਲ ਵਿਆਹ, ਬਹੁ ਵਿਆਹ ਤੇ ਵੇਸਵਾਵਾਂ ਦੀ ਪ੍ਰਥਾ ਪ੍ਰਚਲਿਤ ਸੀ। ਵਿਧਵਾ ਤੇ ਬਾਂਝ ਔਰਤਾਂ ਨੂੰ ਆਪਣਾ ਜੀਵਨ ਬਤੀਤ ਕਰਨਾ ਬੜਾ ਮੁਸ਼ਕਿਲ ਹੁੰਦਾ ਸੀ।(3)

ਪੰਜਾਬ ਵਿੱਚ ਔਰਤਾਂ ਵਿੱਚ ਦਾਸ ਪ੍ਰਥਾ ਪ੍ਰਚਲਿਤ ਸੀ ।(4) ਉਸ ਸਮੇਂ ਔਰਤ ਦਾਸੀਆਂ ਸੱਠ ਤੋਂ ਅੱਸੀ ਰੁਪਏ ਵਿੱਚ ਮਿਲਦੀਆਂ ਸਨ। ਅਮੀਰ ਘਰਾਣੇ ਲੋਕ, ਜਿੰਮੀਦਾਰ ਅਤੇ ਵਪਾਰੀ ਆਪਣੇ ਕੋਲ ਰਖੇਲ ਰੱਖਦੇ ਸਨ। ਕੰਮ ਕਰਨ ਵਾਲੀਆਂ ਔਰਤਾਂ ਨੂੰ ਦਾਸੀਆਂ ਕਿਹਾ ਜਾਂਦਾ ਸੀ। ਫਰੰਗੀ ਅਫਸਰ ਹੈਰਮ ਦੇ ਵਿੱਚੋਂ ਆਪਣੇ ਅਤੇ ਆਪਣੇ ਘਰ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਔਰਤਾਂ ਨੂੰ ਖਰੀਦਦੇ ਸਨ। ਰਣਜੀਤ ਸਿੰਘ ਦੇ ਸਮੇਂ ਬਹੁਤ ਵੱਡੀ ਗਿਣਤੀ ਵਿੱਚ ਔਰਤ ਦਾਸੀਆਂ ਜਿਨ੍ਹਾਂ ਨੂੰ ਬੰਦੀ ਜਾਂ ਗੋਲੀ ਕਿਹਾ ਜਾਂਦਾ ਸੀ, ਨੇ ਰਣਜੀਤ ਸਿੰਘ ਦੀ ਮੌਤ ਸਮੇਂ ਆਪਣੇ ਆਪ ਨੂੰ ਉਹਨ੍ਹਾਂ ਦੇ ਨਾਲ ਜਲਾ ਲਿਆ ਸੀ। ਪੰਜਾਬ ਵਿੱਚ ਸਤੀ ਪ੍ਰਥਾ ਆਮ ਨਹੀਂ ਸੀ ਪਰੰਤੂ ਫਿਰ ਵੀ ਸਾਨੂੰ ਕਈ ਅਜਿਹੀਆਂ ਉਦਾਹਰਣਾਂ ਮਿਲਦੀਆਂ ਹਨ ਜਿਵੇਂ ਕਿ ਲਾਹੌਰ ਦਰਬਾਰ ਵਿੱਚ ਸਤੀਆਂ ਨੂੰ ਇੱਕ ਪਵਿੱਤਰ ਰੂਹ ਮੰਨਿਆਂ ਜਾਂਦਾ ਸੀ ਤੇ ਉਹਨ੍ਹਾ ਦੀ ਆਖਰੀ ਇੱਛਾ ਨੂੰ ਇੱਕ ਵਰਦਾਨ ਵਾਂਗ ਪੂਰਾ ਕੀਤਾ ਜਾਂਦਾ ਸੀ। ਖੜਕ ਸਿੰਘ ਦੇ ਸਮੇਂ ਉਸਦੀ ਚਾਰ ਪਤਨੀਆਂ ਵਿੱਚੋਂ ਇੱਕ ਪਤਨੀ ਈਸ਼ਵਰ ਕੌਰ ਆਪਣੀਆਂ ਤਿੰਨ ਦਾਸੀਆਂ ਸਮੇਤ ਰਾਜਾ ਧਿਆਨ ਸਿੰਘ ਦੇ ਹੁਕਮਾਂ ਅਨੁਸਾਰ ਸਤੀ ਹੋ ਗਈ ਸੀ । ਇਸੇ ਤਰਾਂ ਹੀ ਨੌ ਨਿਹਾਲ

ਸਿੰਘ ਦੀਆਂ ਦੋਵੇਂ ਪਤਨੀਆਂ ਉਸਦੇ ਨਾਲ ਸਤੀ ਹੋਈਆਂ। ਰਾਜਾ ਧਿਆਨ ਸਿੰਘ ਜੋ ਕਿ ਉਸ ਸਮੇਂ ਪਹਾੜੀ ਰਾਜਾ ਸਨ ਦੀਆਂ ਤੇਰਾਂ ਪਤਨੀਆਂ ਅਤੇ ਦਾਸੀਆਂ ਉਹਨਾਂ ਨਾਲ ਸਤੀ ਹੋ ਗਈਆਂ।(5)

ਜੱਟ ਸਿੱਖਾਂ ਵਿੱਚ ਕਰੇਵਾ ਜਾਂ ਚਾਦਰ ਅੰਦਾਜ਼ੀ ਜੋ ਕਿ ਵਿਆਹ ਤੋਂ ਨੀਵੇਂ ਦਰਜੇ ਦਾ ਰਿਵਾਜ਼ ਸੀ ਕਾਫ਼ੀ ਪਸਿੱਧ ਸੀ। ਚਾਦਰ ਅੰਦਾਜ਼ੀ ਦਾ ਰਿਵਾਜ ਤਾਂ ਕੀਤਾ ਜਾਂਦਾ ਸੀ ਕਿਉਂਕਿ ਪਤੀ ਦੀ ਮੌਤ ਤੋਂ ਬਾਅਦ ਔਰਤ ਜਾਇਦਾਦ ਤੇ ਆਪਣਾ ਹੱਕ ਨਾ ਜਮ੍ਹਾ ਸਕੇ। ਇਸ ਕਰਕੇ ਉਸਦਾ ਵਿਆਹ ਉਸਦੇ ਪਤੀ ਦੇ ਪਰਿਵਾਰ ਦੇ ਕਿਸੇ ਦੂਸਰੇ ਮਰਦ ਨਾਲ ਕਰ ਦਿੱਤਾ ਜਾਂਦਾ ਸੀ। ਇਸ ਤੋਂ ਇਲਾਵਾ ਕਰੇਵਾ ਵਿਆਹ ਦਾ ਰਿਵਾਜ ਪ੍ਰਚਲਿਤ ਸੀ੍ਰ ਜਿਸ ਵਿੱਚ ਔਰਤ ਆਪਣੇ ਪਤੀ ਦੇ ਭਰਾ ਨਾਲ ਵਿਆਹ ਕਰਨ ਤੋਂ ਇਨਕਾਰ ਕਰ ਦਿੰਦੀ ਸੀ ਜਾਂ ਪਤੀ ਦਾ ਭਰਾ ਉਸ ਨਾਲ ਵਿਆਹ ਕਰਨ ਤੋਂ ਇਨਕਾਰ ਕਰ ਦਿੰਦਾ ਸੀ। ਉਸ ਸਮੇਂ ਉਹ ਆਪਣੀ ਮਰਜ਼ੀ ਨਾਲ ਗੈਰ ਮਰਦ ਨਾਲ ਵਿਆਹ ਕਰਵਾ ਸਕਦੀ ਸੀ।

ਜੇ ਅਸੀਂ ਸਿੱਖ ਇਤਿਹਾਸ ਅਤੇ ਸਿੱਖ ਪਰੰਪਰਾ ਦੇ ਪਰਿਪੇਖ ਵਿੱਚ ਰਖ ਕੇ ਰਣਜੀਤ ਸਿੰਘ ਕਾਲ ਵਿੱਚ ਇਸਤਰੀ ਦੇ ਸਥਾਨ ਨੂੰ ਵੇਖੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਇਸਤਰੀ ਉੱਤੇ ਪਰਦੇ ਦਾ ਬੋਝ ਵਧ ਗਿਆ ਸੀ। ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਦੇ ਵਿਪਰੀਤ ਮਹਾਰਾਜਿਆਂ ਦੀ ਮ੍ਰਿਤਕ ਦੇਹ ਨਾਲ ਰਾਣੀਆਂ ਦਾ ਸਤੀ ਹੋਣਾ ਇਸ ਦੀ ਗਿਰਾਵਟ ਦਾ ਪ੍ਰਮਾਣ ਹੈ। ਪੰਜਾਬੀ ਸਾਹਿਤ ਵਿੱਚ ਇਸ ਪ੍ਰਮਾਣ ਨੂੰ ਬਹੁਤ ਕਵੀਆਂ ਨੇ ਕਾਵਿਬੱਧ ਕੀਤਾ ਹੈ। (6) ਰਣਜੀਤ ਸਿੰਘ ਦੇ ਰਾਜ ਦੇ ਪ੍ਰਭਾਵ ਕਾਰਣ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦੀ ਪਤਨੀ ਵੀ ਸਤੀ ਹੋਈ । ਇਸਤਰੀ ਦੀ ਅਵਸਥਾ ਵਿੱਚ ਆਈ ਗਿਰਾਵਟ ਦਾ ਅਨੁਮਾਨ ਰਾਣੀ ਚੰਦ ਕੌਰ ਤੇ ਮਹਾਰਾਣੀ ਜਿੰਦਾ ਕੌਰ ਦੇ ਪਰਦਿਆਂ ਵਿੱਚ ਘਿਰਣ ਤੋਂ ਭਲੀ ਭਾਂਤ ਲਾਇਆ ਜਾ ਸਕਦਾ ਹੈ। ਜੇ ਮਹਾਰਾਣੀ ਜਿੰਦ ਕੌਰ ਵੀ ਫੇਰੂ ਸ਼ਹਿਰ ਦੇ ਮੈਦਾਨ ਵਿੱਚ ਘੋੜੇ ਉੱਤੇ ਚੜ੍ਹ ਕੇ ਲੜੀ ਹੁੰਦੀ ਤਾਂ ਪੰਜਾਬ ਦਾ ਇਤਿਹਾਸ ਹੋਰ ਹੁੰਦਾ। ਸਿੰਘਣੀ ਦੇ ਜੁਝਾਰੂ ਗੁਣ ਉੱਤੇ ਨਾਂਹਵਾਚੀ ਪ੍ਰਭਾਵ ਪਿਆ। ਮਰਦ-ਪ੍ਰਧਾਨ ਸਮਾਜ ਵਿੱਚ ਇਸਤਰੀ ਦੀ ਆਜ਼ਾਦੀ ਹੋਰ ਘਟ ਗਈ। ਪੰਜਾਬੀ ਸਾਹਿਤ ਵਿੱਚ ਦਾਸੀਆਂ ਦਾ ਜ਼ਿਕਰ ਥਾਂ ਪੁਰ ਥਾ ਆਉਂਦਾ ਹੈ। ਪਹਾੜੀ ਲੜਕੀਆਂ ਦੀ ਖਰੀਦੋ-ਫਿਰੋਖਤ ਵੀ ਹੁੰਦੀ ਸੀ । ਇੱਕ ਆਦਮੀ ਦੇ ਕਈ ਕਈ ਵਿਆਹ ਹੋਣ ਦੀ ਗਵਾਹੀ ਸਾਹਿਤ ਦੇ ਇਤਿਹਾਸ ਵਿੱਚੋਂ ਮਿਲਦੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਣੀਆਂ ਦੇ ਦਰਬਾਰ ਲਾਉਣ ਦੀ ਚਰਚਾ ਸਾਵਨਯਾਰ “ ਮੋਰਾਂ ਸਰਕਾਰ ਦੇ ਮੂੰਹੋ ” ਦਰਬਾਰ ਵਿੱਚ “ਚੰਗ ਚੰਗੇਰੀਆਂ ਜੀ” ਕਹਿ ਕੇ ਕਰਵਾਉਂਦਾ ਹੈ। ਰਣਜੀਤ ਸਿੰਘ ਨੇ ਇੱਕ ਅਜਿਹਾ ਰਾਜਨੀਤਿਕ-ਪ੍ਰਬੰਧ ਕਾਇਮ ਕੀਤਾ ਜਿਸ ਵਿੱਚ ਆਮ ਲੋਕਾਂ ਨੂੰ ਪੂਰਵਲੇ ਸਮਿਆਂ ਦੇ ਵਿਪਰੀਤ, ਚੈਨ ਨਸੀਬ ਹੋਇਆ। ਪੰਜਾਬੀ ਕਵੀਆਂ ਨੇ ਅਮਨ ਤੇ ਚੈਨ ਦੀ ਹਾਲਤ ਨੂੰ ਕਮਾਲ ਦੀ ਬਿੰਬਾਵਲੀ ਵਿੱਚ ਪੇਸ਼ ਕੀਤਾ ਹੈ :

ਸਾਵਨਯਾਰ ਕੁਆਰੀਆਂ ਰਾਹ ਪਈਆਂ -ਨਹੀਂ ਬਕਰੀ ਖੌਫ਼ ਪਲੰਗ ਦਾ ਏ1।
ਦੁੰਬ ਬਕਰੀ ਦੀ ਬਘਿਆੜ ਬੱਧਾ, ਜਿਸ ਅਦਲ ਪਾਇਆ ਇਸ ਤੌਰ ਦਾ ਈ।

ਲਏ ਸਾਰ ਗਰੀਬ ਨਿਮਾਣਿਆਂ ਦੀ, ਜਿਨ ਰਾਜ ਕੀਤਾ ਵੰਡ ਗੌਰ ਦਾ ਈ ।। (7)

(ਸਹਿਰਫੀ ਸਰਕਾਰ ਕੀ–ਸਾਵਨਯਾਰ)

ਜੇ ਸਿੱਖਿਆ ਦੇ ਪੱਖੋਂ ਵੇਖੀਏ ਤਾਂ ਔਰਤਾਂ ਵਿੱਚ ਉੱਚੀ ਵਿਦਿਆ ਕੇਵਲ ਉਪਰਲੇ ਘਰਾਣਿਆਂ ਤੱਕ ਹੀ ਸੀਮਿਤ ਸੀ। ਰਈਸਾਂ ਅਤੇ ਅਮੀਰਾਂ ਦੀਆਂ ਕੁੜੀਆਂ ਨੂੰ ਵਡੇਰੀ ਉਮਰ ਦੇ ਟਿਊਟਰਾਂ ਜਾਂ ਵਿਦਵਾਨ ਇਸਤਰੀਆਂ ਰਾਹੀਂ ਘਰਾਂ ਵਿੱਚ ਹੀ ਵਿਦਿਆ ਦੇਣ ਦਾ ਪ੍ਰਬੰਧ ਕੀਤਾ ਹੋਇਆ ਸੀ। ਉਨ੍ਹਾਂ ਨੂੰ ਆਮ ਤੌਰ ਤੇ ਸਾਹਿਤ, ਮੁਢਲਾ ਗਣਿਤ ਅਤੇ ਧਾਰਮਿਕ ਸਾਹਿਤ ਹੀ ਪੜ੍ਹਾਇਆ ਜਾਂਦਾ ਸੀ। ਕੁੜੀਆਂ ਨੂੰ ਘਰੇਲੂ ਕੰਮਾਂ ਕਾਰਾਂ ਦੀ ਵੀ ਸਿਖਲਾਈ ਦਿੱਤੀ ਜਾਂਦੀ ਸੀ ਭਾਵੇਂ ਇਨ੍ਹਾ ਦਿਨਾਂ ਵਿੱਚ ਪੜ੍ਹੀਆਂ ਲਿਖੀਆਂ ਇਸਤਰੀਆਂ ਦੀ ਗਿਣਤੀ ਬਹੁਤ ਘੱਟ ਸੀ ਪਰ ਜਿਹੜੀਆਂ ਵੀ ਪੜੀਆਂ ਲਿਖੀਆਂ ਸਨ ਉਨ੍ਹਾ ਦਾ ਬੜਾ ਆਦਰ ਹੁੰਦਾ ਸੀ। ਮੌਲਵੀਆਂ ਅਤੇ ਗ੍ਰੰਥੀਆਂ ਦੀਆਂ ਪਤਨੀਆਂ ਜੋ ਪਹਿਲਾਂ ਪੜ੍ਹੀਆਂ ਨਹੀਂ ਸਨ ਹੁੰਦੀਆਂ ਆਪਣੇ ਪਤੀਆਂ ਤੋਂ ਪੜ੍ਹਾਈ ਲਿਖਾਈ ਸਿਖ ਕੇ ਆਪਣੇ ਬੱਚਿਆਂ ਨੂੰ ਤੇ ਹੋਰ ਬੱਚਿਆਂ ਨੂੰ ਪੜ੍ਹਾ ਦਿਆ ਕਰਦੀਆਂ ਸਨ। ਪੜ੍ਹੀਆਂ ਹੋਈਆਂ ਇਸਤਰੀਆਂ ਦਾ ਆਪਣੇ ਘਰ ਅਤੇ ਸਮਾਜ ਉਤੇ ਬੜਾ ਪ੍ਰਭਾਵ ਪੈਂਦਾ ਸੀ। (8)

ਸੋ ਇਸ ਸਮੇਂ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਭਾਵੇਂ ਇੱਕ ਸਿੱਖ ਹਾਕਮ ਸੀ ਪਰ ਉਸਦੇ ਰਾਜ ਵਿੱਚ ਸਾਹਿਤ, ਕਲਾਂ ਅਤੇ ਸਭਿਆਚਾਰ ਦਾ ਹਰੇਕ ਪੱਖੋਂ ਵਿਕਾਸ ਹੋਇਆ। ਇਸ ਸਮੇਂ ਦੌਰਾਨ ਔਰਤਾਂ ਦੀ ਸਥਿਤੀ, ਮਨੋ ਭਾਵਨਾ ਅਤੇ ਸੰਬੰਧਿਤ ਰਿਵਾਜਾਂ ਦਾ ਵਰਨਣ ਇਸ ਪਰਚੇ ਵਿੱਚ ਕੀਤਾ ਗਿਆ ਹੈ। ਜਿਸ ਦਾ ਮਨੋਰਥ ਔਰਤਾਂ ਦੇ ਭੂਤ ਕਾਲ ਅਤੇ ਭਵਿੱਖ ਕਾਲ ਵਿੱਚ ਸਮੇਂ ਦੇ ਹਾਣੀ ਬਣਾਇਆ ਜਾ ਸਕੇ।

## ਹਵਾਲੇ ਅਤੇ ਟਿੱਪਣੀਆਂ


1. ਡਾ. ਭਗਤ ਸਿੰਘ, ਮਹਾਰਾਜਾ ਰਣਜੀਤ ਸਿੰਘ, ਪਬਲੀਕੇਸ਼ਲ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ 158 ।
2. ਉਹੀ
3. ਉਹੀ ਪੰਨਾ – 159
4. ਉਹੀ
5. ਉਹੀ ਪੰਨਾ – 161

6. ਸਮਸ਼ੇਰ ਸਿੰਘ ਅਸ਼ੋਕ, ਪ੍ਰਾਚੀਨ ਵਾਰਾਂ ਅਤੇ ਜੰਗਨਾਮਾ (ਅੰਮ੍ਰਿਤਸਰ 1971) ਪੰਨਾ - 304
7. ਉਹੀ
8. ਡਾ. ਭਗਤ ਸਿੰਘ, ਮਹਾਰਾਜਾ ਰਣਜੀਤ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ੍ 165